

# ਤੇਰੀ ਦੁਨੀਆ

ਭਾਗ : ਦੂਸਰਾ

www.PunjabiLibrary.com

ਸੁਖਦੀਪ

# ਤੇਰੀ ਦੁਨੀਆ

{ ਕਹਾਣੀ }

ਭਾਗ : ਦੂਸਰਾ

ਸੁਖਦੀਪ ਸਿੰਘ ਰਾਏਪੁਰ

## ਤੇਰੀ ਦੁਨੀਆ

ਭਾਗ : ਦੂਸਰਾ

ਉਹਨੇ ਡਾਇਰੀ ਪੂਰੀ ਕਰਨ ਨੂੰ ਕਿਹਾ ਮੈਂ ਉਹਦੀ ਤੇ ਮੇਰੀ ਵਾਰਤਾ ਨੂੰ ਕਵਿਤਾ ਬਣਾ ਦਿੱਤਾ, ਮੈਂ ਜੋ ਲਿਖਿਆ ਉਹਦੇ ਨਾਂ ਲਿਖਿਆ,ਪਰ ਉਹ ਕਵਿਤਾ ਮੰਨ ਦੁਨੀਆਂ ਨੇ ਕਬੂਲ ਲਿਆ ਤੇ ਮੈਂ ਸ਼ਾਇਰ ਤੋਂ ਕਵੀ ਬਣ ਗਿਆ

ਪਹਿਲੀ ਲਿਖਤ ਜੋ ਮੈਂ ਡਾਇਰੀ ਵਿਚ ਲਿਖੀ ਸੀ, ਉਹਦੇ ਨਾਂ........

{ ਅੱਜ ਤੋਂ ਇੱਕ ਸਾਲ ਤੇਤੀ ਹਫਤੇ ਪਹਿਲਾਂ }

**ਸਫ਼ਰ**

ਤੁਸੀਂ ਸਿਰਫ..

ਇੱਕ ਕੰਮ ਕਰ ਸਕਦੇ ਹੋ,
ਪੜ ਸਕਦੇ ਹੋ...

ਤੇ ਪੜ ਕੇ...

ਅਣਦੇਖਾ ਕਰ ਸਕਦੇ ਹੋ
ਹੋਰ ਕੁਝ ਤੁਹਾਡੇ ਵੱਸ ਦੀ ਗੱਲ ਨਹੀਂ ਆ...
ਹਾਂ ਬਹੁਤੇ ਹੋਣਗੇ...

ਜੋ ਮਹਿਸੂਸ ਵੀ ਕਰਨਗੇ,
ਪਤਾ ਕਿਉਂ...

ਕਿਉਂਕਿ ਜਾਂ ਤਾਂ ਉਹ ਲਿਖਤ,
ਉਹਨਾਂ ਦੀ ਜ਼ਿੰਦਗੀ ਦਾ ਹਿੱਸਾ ਹੈ...

ਜਾਂ ਉਹਨਾਂ ਦੇ ਕਿਸੇ ਖ਼ਾਸ ਸੰਬੰਧੀ ਦੀ ਜ਼ਿੰਦਗੀ ਦਾ ਹਿੱਸਾ ਹੈ...

ਇਥੇ ਅੱਧ ਤੋਂ ਵੱਧ ਸ਼ਾਇਰ ਮੇਰੇ ਵਰਗੇ ਹੁੰਦੇ ਨੇ
ਜਿੰਨਾ ਦੇ ਮਹਿਬੂਬ ਬਿਨਾਂ ਦੱਸੇ ਤੁਰ ਜਾਂਦੇ ਨੇ...
ਇੱਕਲਿਆਂ ਅੱਧ ਵਿਚਕਾਰ ਛੱਡਕੇ...
ਪਰ ਮੈਂ ਸੋਚਦਾਂ ਹਾਂ...

ਸਾਨੂੰ ਉਹ ਹੀ ਕਿਉਂ ਯਾਦ ਰਹਿੰਦੇ ਨੇ,
ਜਿਹਨੇ ਨੇ ਸਾਨੂੰ ਛੱਡਿਆ...

ਅਸੀਂ ਉਹ ਕਿਉਂ ਭੁੱਲ ਜਾਣੇ ਆ,
ਜਿਹਨਾਂ ਨੂੰ ਅਸੀਂ ਛੱਡਿਆ ਸੀ...

ਪਤਾ... ਅਸਲ ਵਿਚ...ਸਭ ਕੁਝ....

ਹੈ ਉੱਥੇ ਹੀ,

ਬਸ ਸਾਡੀ ਜਗਾਹ ਬਦਲ ਗਈ...

## ਹੋਰ ਕੁਝ ਨਹੀਂ...

ਕੁਝ ਸਾਲ ਪਹਿਲਾਂ ਦੀ ਗੱਲ ਹੈ...
ਉਹ ਮੇਰੀ ਖਾਤਰ ਲਿਖਦੀ ਸੀ...,
ਤੇ ਲਿਖਦੀ ਲਿਖਦੀ ਸ਼ਾਇਰ ਬਣ ਗਈ...,
ਅੱਜ ਤਾਂ ਉਸਦਾ ਕੋਈ ਜਵਾਬ ਹੀ ਨਹੀਂ ਆ...,
ਮੈਂ ਸੁਣਿਆ ਉਹ ਹੁਣ ਗੀਤ ਵੀ ਲਿਖਣ ਲੱਗੀ ਏ
ਹੂਬਹੂ ਆਪਣੇ ਵਰਗੇ... ਪਤਾ ਇਹ ਉਸਦੀ ਨਵੀਂ ਜ਼ਿੰਦਗੀ ਏ,

ਉਸ ਨੇ ਇੱਕ ਸਫ਼ਰ ਦੌਰਾਨ... ਆਪਣੀਂ ਤਦ ਤੀਕ ਦੀ ਲਿਖੀਂ... ਡਾਇਰੀ, ਮੇਰੇ ਹੱਥ ਤੇ ਧਰਦਿਆਂ ਇੱਕ ਗੱਲ ਕਹੀ ਸੀ...ਸੁਖ...ਇਹ ਹੁਣ ਤੇਰੀ ਇਮਾਨਤ ਹੈ, ਮੈਂ ਇਸ ਵਿਚ ਉਹ ਸਭ ਗੱਲਾਂ ਲਿਖੀਆਂ ਨੇ,ਜੋ ਮੈਂ ਤੇਰੇ ਨਾਲ ਕਰਨ ਬਾਰੇ ਸੋਚਦੀ ਸੀ.. ਜਾਂ ਜੋ ਅੱਜ ਵੀ ਸੋਚਦੀ ਆਂ, ਅੱਜ ਤੋਂ ਬਾਅਦ ਇਸ ਦੇ ਖ਼ਾਲੀ ਪੰਨੇ ਤੁਸੀਂ ਪੂਰਨੇ ਨੇ... ਮੈਂ ਉਸਦੇ ਅੱਖਾਂ ਵੱਲ ਵੇਖਦੇ ਨੇ... ਇੱਕ ਗੱਲ ਹੀ ਕਹੀ ਸੀ, ਮੈਨੂੰ ਤੇ ਲਿਖਣਾ ਨਹੀਂ ਆਉਂਦਾ... ਨਾਲੇ ਮੈਂ ਕਿਹੜਾ ਕੋਈ ਸ਼ਾਇਰ ਆਂ....ਉਸਨੇ ਮਿੰਨਾ ਜਿਹਾ ਮੁਸਕੁਰਾ ਕੇ ਇੱਕ ਗੱਲ ਹੀ ਕਹੀ... ਤੈਨੂੰ ਪਤਾ... ਮੈਂ ਮੁਸਲਿਮ ਪਰਿਵਾਰ ਤੋਂ ਆਂ...ਮੇਰਾ ਨਾਂ ਨੂਰ ਨਹੀਂ... ਅਲਫ਼ਨੂਰ ਹੈ... ਮੈਂ ਸਿਰਫ਼ ਵੇਖ ਸਕਦਾ ਸੀ ... ਮੇਰੀ ਜ਼ੁਬਾਨ ਉਦੋਂ ਕੁਝ ਕਹਿਣ ਦੇ ਯੋਗ ਨਹੀਂ ਸੀ... ਮੈਂ ਉਸਤੋਂ ਬਾਅਦ, ਉਸ ਨੂੰ ਮੁੜ ਕਦੇ ਓਸ ਸ਼ਾਇਰ ਵਿਚ ਨਹੀਂ ਵੇਖਿਆ... ਉਸਨੇ ਡਾਇਰੀ ਦੇ ਆਖਰੀ ਪੰਨੇ ਤੇ ਲਿਖਿਆ ਹੋਇਆ ਸੀ... ਮੇਰੀ ਨਵੀਂ ਜ਼ਿੰਦਗੀ... ਤੇਰੇ ਨਾਂ ਦੇ ਪਹਿਲੇ ਅੱਖਰ ਤੋਂ ਸ਼ੁਰੂ ਹੋਵੇਗੀ... ਮੇਰਾ ਮੰਨਣਾ ਹੈ ਕਿ ਕਵੀ ਮਰਕੇ ਰੁੱਖ ਬਣ ਜਾਂਦੇ ਨੇ... ਮੈਨੂੰ ਆਪਣੀ ਮੁਹੱਬਤ ਤੇ ਪੂਰਾ ਯਕੀਨ ਹੈ... ਮੈਨੂੰ ਆਸ ਹੈ... ਆਪਾਂ ਦੋਵੇਂ... ਅਗਲੇ ਜਨਮ ਵਿੱਚ ਰੁੱਖ ਬਣਕੇ ਮਿਲਾਂਗੇ...ਉਹੀ ਇਬਾਦਤਨੂਰ.... ਮੈਂ ਉਸ ਦੁਬਾਰਾ ਦਿੱਤੀ ਡਾਇਰੀ ਤੇ ਪੂਰੇ ਛੇ ਮਹੀਨੇ ਕੁਝ ਨਾ ਲਿਖਿਆ... ਸਿਰਫ

ਉਸਨੂੰ ਪੜ੍ਹਿਆ... ਪੜ੍ਹਿਆ ਵੀ ਵਾਰ ਵਾਰ... ਮੈਂ ਜਦ ਲਿਖਣ ਦੀ ਸ਼ੁਰੂਆਤ ਕਰੀ ਤਾਂ ਮੇਰੀ ਕਲਮ ਨੇ ਕਿਹਾ ...ਉਹ ਕੁੜੀ ਨਹੀਂ...ਉਹ ਮੁਹੱਬਤ ਸੀ...

ਮੈਂ ਅੱਜ ਵੀ ਜਦੋਂ ਉਹਦੇ ਵਾਰੇ ਸੋਚਦੇ ਹਾਂ, ਮੇਰੇ ਹੱਥ ਕੰਬਣ ਲੱਗਦੇ ਨੇ, ਮੈਂ ਉਹਨੂੰ ਇੱਕ ਆਖਰੀ ਖ਼ਤ ਲਿਖਣਾਂ ਚਾਹਾਂਗਾ, ਮੇਰੀ ਆਖ਼ਰੀ ਖਵਾਇਸ਼ ਹੈ ਕਿ ਇਹ ਖ਼ਤ, ਖ਼ਤ ਦੀ ਜੂਨ ਹੀ ਹੰਢਾਏ,

ਮੈਂ ਸ਼ੁਰੂ ਕਰਦਾਂ ਹਾਂ ( ਹੂਬਹੂ )

ਬਸ ਮੁੱਕਦੀ ਗੱਲ ਇਤਫ਼ਾਕ ਆ, ਪਰ ਫੇਰ ਵੀ ਕਹਿਣ ਲਈ ਬਹੁਤ ਕੁਝ ਆ , ਸਮਾਂ ਦੱਸੇਗਾ ਕਿ ਤੁਸੀਂ ਮੇਰੀ ਜਿੰਦਗੀ ਦਾ ਹਿੱਸਾ ਕਿਦਾਂ ਹੋ, ਗੱਲ ਦਿਲ ਦੀ ਕਿਹਾ ਸੀ ਨਾ, ਤਾਂ ਇਹ ਗੱਲਾਂ ਦਿਲ ਦੀਆਂ ਹੀ ਨੇ, ਤੁਹਾਡੇ ਮੈਸਜ਼ ਤੋਂ ਬਾਅਦ ਦਾ ਇੱਕ ਇੱਕ ਦਿਨ ਯਾਦ ਆ, ਮੈਨੂੰ ਐਦਾਂ ਲੱਗਦਾ ਹੁੰਦਾ, ਮੈਂ ਇੱਕ ਖੜ੍ਹੇ ਪਾਣੀ ਵਰਗਾ ਸੀ, ਤੁਸੀਂ ਆਏ ਆਪਣੇ ਹੱਥਾਂ ਨਾਲ ਮਿੱਟੀ ਪਾਸੇ ਕਰੀ ਤੇ ਨਿਵਾਣ ਵੱਲ ਰੋੜ ਦਿੱਤਾ,ਉਸ ਦਿਨ ਦਾ ਰੁੜਿਆ। ਮੈਂ ਅੱਜ ਤੀਕ ਰੁੜ ਰਿਹਾਂ ਹਾਂ, ਮੇਰੀ ਜਿੰਦਗੀ ਦੀ ਅਸਲ ਸ਼ੁਰੂਆਤ ਤੁਹਾਡੇ ਆਉਣ ਨਾਲ ਹੋਈ, ਮੈਂ ਪੜ੍ਹਦਾ ਜ਼ਰੂਰ ਸੀ,ਪਰ ਅਧਿਆਤਮਕ ਉਹ ਵਿਸ਼ੇ ਜੋ ਸਿਰਫ਼ ਸਿਆਣਪ ਦੇ ਮੁਮਤਾਜ਼ ਸੀ,ਪਰ ਆਪਾਂ ਕਹਿ ਲਈਏ ਜਿਵੇਂ ਕਿਸ਼ਤੀ ਨੂੰ ਪਾਣੀ ਦੀ ਲੋੜ ਹੁੰਦੀ ਹੈ, ਉਦਾਂ ਹੀ ਸਾਡੀ ਜਿੰਦੜੀ ਨੂੰ ਮੋਹ , ਵਾਸ਼ਨਾ, ਫ਼ਿਕਰ, ਤਖ਼ੱਲਸ, ਭਾਵਨਾ ਦੀ ਲੋੜ ਹੁੰਦੀ ਹੈ, ਕਿਸੇ ਚੀਜ਼ ਦੇ ਹਾਣ ਦੇ ਹੋ ਕੇ ਕਿਦਾਂ ਗੱਲ ਕਰਨੀਂ ਆ, ਮੈਂ ਤੁਹਾਡੇ ਕੋਲੋਂ ਸਿੱਖਿਆ, ਤੁਸੀਂ ਮੇਰੀ ਹਰ ਗੱਲ ਲਿਖੀ, ਸੁਣੀਂ, ਤੁਸੀਂ ਮੇਰਾ ਹਰ ਲੁਕਾਣ ਪਰਦੇ ਵਿਚ ਤੱਕਿਆ ਤੇ ਫੇਰ ਵੀ ਚੁੱਪ ਧਾਰੀ, ਤੁਸੀਂ ਮੇਰੀਆਂ ਗਲਤੀਆਂ ਵੀ ਨਜ਼ਰ ਅੰਦਾਜ਼ ਕਰੀਆਂ, ਮੈਂ ਆਪਣੇ ਹਿਸਾਬ ਨਾਲ ਕਹਾਂ ਤਾਂ ਸ਼ਾਇਦ ਜੇ ਰੱਬ ਨਾ ਹੁੰਦਾ ਤਾਂ ਮੈਂ ਰੱਬ ਬਣਾ

ਦੇਣਾਂ ਸੀ ਤੁਹਾਨੂੰ, ਮੈਨੂੰ ਅਕਸਰ ਲੱਗਦਾ ਹੈ ਕਿ ਮੇਰੇ ਤੋਂ ਇੱਕਲਿਆਂ ਬਹੁਤੀ ਜ਼ਿੰਦਗੀ ਨਹੀਂ ਹੰਢਾ ਹੋਣੀ,ਇਸ ਲਈ ਮੈਂ ਅਕਸਰ ਸੋਚਦਾ ਮੈਂ ਜਿਉਂਦੇ ਜੀ, ਤੁਹਾਨੂੰ ਦੁਨੀਆਂ ਅੱਗੇ ਮਿਸਾਲ ਬਣਾ ਜਾਵਾਂ, ਤੁਹਾਡੇ ਨਾਂ ਦਾ ਲੋਕ ਨਾਮ ਜਪਣ ਮੈਂ ਕੁਝ ਐਦਾਂ ਦਾ ਸੋਚਦਾ ਹਾਂ, ਸੱਚੀਂ ਕਦੇ ਕਦੇ ਮੈਨੂੰ ਇਹ ਕਲਪਨਿਕ ਗੱਲਾਂ ਲੱਗਦੀਆ ਨੇ,ਪਰ ਜਦੋਂ ਕੋਈ ਪੁੱਛਦਾ ਕਿ ਅਲਫ਼ਨੂਰ ਸੱਚ ਮੁੱਚ ਹੈ ਤਾਂ ਮੈਂ ਇਹ ਸੋਚ ਇਹ ਜਵਾਬ ਦੇ ਦੇਨਾਂ ਕਿ ਇਹ ਤਾਂ ਉਸਨੂੰ ਪਤਾ, ਕੀ ਪਤਾ ਇਹ ਰੱਬ ਹੀ ਮੇਰੇ ਤੋਂ ਪੁੱਛ ਰਿਹਾ ਹੈ,ਤੇ ਉਸ ਸਮੇਂ ਮੈਨੂੰ ਤੁਸੀਂ ਦੁਨੀਆਂ ਅੱਗੇ ਮਿਸਾਲ ਬਣਦੇ ਜਾਪਦੇ ਹੋ ਤੇ ਮੇਰਾ ਸੁਪਨਾ ਪੂਰਾ ਹੁੰਦਾ,

ਮੈਂ ਇਹ ਸਿਰਮੱਥੇ ਕਬੂਲ ਕਰਦਾਂ ਹਾਂ ਕਿ ਮੈਂ ਗਲਤੀਆਂ ਬਹੁਤ ਕਰਦਾ ਹਾਂ , ਬਹੁਤ ਸਾਰੀਆਂ ਗੱਲਾਂ ਵੀ ਭੁੱਲ ਜਾਣਾ ਹਾਂ, ਸੱਚੀਂ ਕੁਝ ਸਮਝ ਹੀ ਨਹੀਂ ਲੱਗਦਾ,ਕਿ ਕਿੱਧਰ ਚਲੀਆਂ ਜਾਂਦੀਆਂ ਗੱਲਾਂ,ਬਸ ਇਹ ਤੇ ਨਹੀ ਪਤਾ ਕਿਉਂ, ਪਰ ਤੁਹਾਡੇ ਨਾਲ ਗੱਲ ਕਰਕੇ ਮਨ ਨਹੀਂ ਭਰਦਾ, ਐਦਾਂ ਲੱਗਦਾ ਤੁਸੀਂ ਹਮੇਸ਼ਾ ਕੋਲ਼ ਹੋਵੋਂ ਤੇ ਕੁਝ ਨਾ ਕੁਝ ਬੋਲਦੇ ਰਹੋ, ਕੁਝ ਵੀ ਬੋਲੋ, ਨਾਲ਼ੇ ਆ ਤੁਸੀਂ ਕਿਹਾ ਸੀ ਨਾ ਕਿ ਤੁਹਾਨੂੰ ਮੇਰੇ ਤੇ ਗ਼ੁੱਸਾ ਨਹੀਂ ਆਉਂਦਾ... ਸੱਚੀਂ ਮੈਨੂੰ ਤੁਹਾਡੀ ਹਰ ਆਦਤ ਬੜੀ ਪਿਆਰੀ ਲੱਗਦੀ ਆ,ਬਸ ਦੋ ਆਦਤਾਂ ਨੂੰ ਛੱਡ ਕੇ ਇੱਕ ਤੇ ਰੋਟੀ ਨਾ ਖਾਣੀਂ ਤੇ ਦੂਸਰਾ ਉਹ ਮੂੰਹ ਜਾ ਬਣਾਉਣਾ, ਤੁਸੀਂ ਵੀ ਸੋਚ ਰਹੇ ਹੋਵੋਗੇ, ਕਮਲੇ ਜਿਹੇ ਨੂੰ ਕਿਹਾ ਕੀ ਸੀ ਤੇ ਲਿਖ ਕੀ ਰਿਹਾ ਜਵਾਂ ਝੱਲਾ ਵਾ ਇਹ ਮੁੰਡਾ ਤਾਂ, ਲਿਖਣ ਨੂੰ ਤਾਂ ਤੁਹਾਡੇ ਉੱਪਰ ਕਿਤਾਬ ਲਿਖ ਦੇਵਾਂ ਪਰ ਮੈਂ ਡਰ ਜਾਣਾਂ ਹਾਂ ਕਿ ਕਿਤੇ ਕੋਈ ਐਨਾ ਖ਼ੂਬਸੂਰਤ ਚੰਨ ਵੇਖ ਕੇ ਮੇਰੇ ਤੋਂ ਖੋਹ ਕੇ ਹੀ ਨਾ ਲੈ ਜਾਵੇ, ਇੱਕ ਹੋਰ ਤੁਸੀਂ ਬੋਲਦੇ ਹੁੰਨੇ ਹੋ ਕਿ ਤੁਸੀਂ ਮੇਰੀ ਫ਼ਿਕਰ ਜਾਂ ਟੈਨਸ਼ਨ ਕਿਉਂ ਕਰਦੇ ਹੁੰਨੇ ਹੋ... ਤੁਸੀਂ ਕਹਿਣਾ, ਕਹਿਣਾ ਸੌਖਾ ਹੈ ਪਰ ਮੈਂ ਉਹਨਾਂ ਵਿਚੋਂ ਨਹੀਂ ਆ, ਰੱਬ਼ ਨਾ ਕਰੇ ਤੁਹਾਨੂੰ ਹਮੇਸ਼ਾ ਲਈ ਦੂਰ ਹੋਣਾਂ ਪੈ ਗਿਆ, ਫੇਰ ਮੈਨੂੰ ਪਤਾ ਮੇਰੇ ਤੋਂ ਬਹੁਤਾ ਸਮਾਂ....,

ਕਿਸੇ ਸ਼ਾਇਰ ਨੇ ਕਿਹਾ ਸੀ ਕਿ ਕਈ ਵਾਰ ਕਿਸੇ ਦਾ ਹੱਥ ਫੜ ਕੇ ਵੀ ਕੁਝ ਮਹਿਸੂਸ ਨਹੀਂ ਹੁੰਦਾ ਤੇ ਕਈਆਂ ਦੀਆਂ ਅੱਖਾਂ ਵੇਖ ਹੀ ਦੁਨੀਆਂ ਭੁੱਲ ਜਾਂਦੀ ਆ,ਬਾਕੀ ਮੇਰੀ ਇੱਕ ਇਹ ਵੀ ਦਿਲੀਂ ਖਵਾਇਸ਼ ਹੈ ਕਿ ਮੈਂ ਤੁਹਾਨੂੰ ਇੱਕ ਵਾਰ ਜਰੂਰ ਮਿਲਾਂ, ਮਿਲਣਾਂ ਜਾਂ ਨਹੀਂ ਇਹ ਕਿਸਮਤ ਤੇ ਰੱਬ ਜੀ ਦੀ ਮਰਜ਼ੀ ਹੈ,ਪਰ ਖਵਾਇਸ਼ ਹੈ,

ਕਦੇ ਕਦੇ ਲੱਗਦਾ ਮੈਨੂੰ ਮੈਂ ਮਿੱਟੀ ਦੇ ਬੁੱਤ ਵਰਗਾ ਲੱਗਦਾ, ਜਿਸ ਨੂੰ ਬਣਾ ਕੇ ਤੁਸੀਂ ਖੋਹ ਦਿੱਤਾ ਹੋਵੇ ਤੇ ਉਸ ਤੋਂ ਬਾਅਦ ਤੁਸੀਂ ਐਨੇ ਬੁੱਤ ਬਣਾਏ ਕਿ ਮੈਂ ਯਾਦ ਹੀ ਨਹੀਂ ਆਇਆ ਜਾਂ ਤੁਸੀ ਬੁੱਤ ਬਣਾਉਣੇ ਹੀ ਛੱਡ ਦਿੱਤੇ , ਤੁਹਾਨੂੰ ਇਹ ਵੀ ਨਹੀਂ ਯਾਦ ਕਿ ਤੁਸੀਂ ਬੁੱਤ ਬਣਾਉਂਦੇ ਸੀ, ਇੱਕ ਗੱਲ ਦੱਸਾਂ ਮੈਨੂੰ ਕਦੇ ਕਦੇ ਲਗਦਾ ਹੁੰਦਾ ਕਿ ਆਪਣਾ ਕੋਈ ਅਤੀਤ ਦਾ ਰਿਸ਼ਤਾ ਏ, ਮੈਂ ਏਥੇ ਕਿਸੇ ਸ਼ਾਇਰ ਜਾਂ ਕਵਿੱਤਰੀ ਦਾ ਨਾਂ ਨਹੀਂ ਲਵਾਂਗਾ, ਪਰ ਮੈਨੂੰ ਇੰਝ ਲੱਗਦਾ ਜਿਵੇਂ ਪਿਛਲੇ ਜਨਮ ਵਿੱਚ ਮੈਂ ਇੱਕ ਰੁੱਖ ਸੀ ਤੇ ਤੁਸੀਂ ਉਸ ਥੱਲੇ ਬੈਠ ਤਪੱਸਿਆ ਕਰੀ ਸੀ ਤੇ ਤੁਸੀਂ ਐਨੀ ਤਪੱਸਿਆ ਕਰੀਂ ਕਿ ਤੁਹਾਨੂੰ ਰੱਬ ਮਿਲ ਗਿਆ, ਮੈਨੂੰ ਹੁਣ ਵੀ ਕਦੇ ਕਦੇ ਇੰਝ ਲੱਗਦਾ ਹੁੰਦਾ ਕਿ ਮੈਂ ਜਦੋਂ ਮਰਾਂ ਤਾਂ ਤੁਸੀਂ ਮੇਰੇ ਕੋਲ ਹੋਵੋਂ ਜਾਂ ਮੈ ਤੁਹਾਡੇ ਬਾਰੇ ਕੁਝ ਲਿਖ ਰਿਹਾ ਹੋਵਾਂ ਜੋ ਰਹਿੰਦੀ ਦੁਨੀਆਂ ਤੀਕ ਦੁਨੀਆਂ ਪੜੇ, ਮੈਨੂੰ ਅੱਜ ਵੀ ਯਕੀਨ ਹੈ ਕਿ ਮੈਂ ਜ਼ਰੂਰ ਅਗਲੇ ਜਨਮ ਵਿੱਚ ਫੇਰ ਰੁੱਖ ਬਣਾਂਗਾ ਤੇ ਤੁਸੀਂ ਫੇਰ ਉਸ ਰੁੱਖ ਥੱਲੇ ਬੈਠਣਾਂ ਹੈ, ਕਿੰਨੀਆਂ ਅਜੀਬ ਜਿਹੀਆਂ ਗੱਲਾਂ ਨੇ ਮੇਰੀਆਂ ਹਨਾਂ, ਪਰ ਮੇਰੇ ਅੰਦਰ ਦੀ ਦੁਨੀਆਂ ਏਹੋ ਜਿਹੀ ਹੀ ਆ,

ਮੈਨੂੰ ਵੀ ਪੌਣੇ ਕੁ ਤਿੰਨ ਸਾਲ ਪਹਿਲਾਂ ਪਤਾ ਲੱਗਾ ਕਿ ਮੇਰੇ ਅੰਦਰ ਵੀ ਇੱਕ ਦੁਨੀਆਂ ਹੈ, ਜਿੱਥੇ ਇੱਕ ਕੁੜੀ ਰਹਿੰਦੀ ਹੈ,ਜੋ ਅੱਧੀ ਔਰਤ ਤੇ ਅੱਧੀ ਮਰਦ ਹੈ, ਮੈਂ ਉਸਨੂੰ ਮਿਲਿਆ ਤਾਂ ਉਸ ਨੇ ਮੈਨੂੰ ਆਪਣੇ ਆਪ ਵਿਚ ਐਨਾ ਜ਼ਿਆਦਾ ਲੀਨ

ਕਰ ਲਿਆ ਕਿ ਮੈਂ ਸੁਧਬੁਧ ਖੋ ਬੈਠਾ, ਮੈਨੂੰ ਬਾਹਰਲੀ ਦੁਨੀਆਂ ਮਿੱਸੀ , ਮਤਲਬ ਬੇਸੁਆਦੀ ਲੱਗਣ ਲੱਗੀ, ਮੈਂ ਡਾਢੀ ਸਾਲ ਬਿਲਕੁਲ ਬੇਸੁਆਦੀ ਦੁਨੀਆਂ ਨੂੰ ਵੇਖਦਾ ਰਿਹਾ ਤੇ ਬੇਸੁਆਦੇ ਸੁਆਦ ਲੋਕਾਂ ਨੂੰ ਵੰਡਦਾ ਰਿਹਾ, ਫੇਰ ਇੱਕ ਦਿਨ ਤੁਸੀਂ ਆਏ ਤੇ ਮੈਂ ਤੁਹਾਡਾ ਨਾਮ ਪੁੱਛਿਆ ਜਦੋਂ ਤੁਸੀਂ ਆਪਣਾ ਨਾਮ ਦੱਸਿਆ ਮੈਂ ਆਪਣੇ ਅੰਦਰਲੀ ਔਰਤ ਨੂੰ ਹਾਕ ਮਾਰੀ ਤੇ ਕਿਹਾ ਓ ਝੂਠੀਏ ਤੂੰ ਤੇ ਕਹਿੰਦੀ ਸੀ ਏਥੇ ਇੱਕ ਹੀ ਸੁਖ ਆ, ਆ ਵੇਖ ਮੇਰਾ ਹੀ ਦੂਸਰਾ ਹਿੱਸਾ ਲੱਭ ਗਿਆ, ਉਸਨੇ ਕੰਨ ਚੱਕ ਕੇ ਮੇਰੀ ਗੱਲ ਸੁਣੀਂ ਤੇ ਕਿਹਾ ਕਮਲਿਆ ਕੇਹੋ ਜਿਹੀਆਂ ਗੱਲਾਂ ਕਰ ਰਿਹਾ ਉਹ ਕਿੰਨਾ ਚਿਰ ਹੱਸਦੀ ਰਹੀ, ਫੇਰ ਤੁਸੀਂ ਚੱਲੇ ਗਏ,ਮੈਂ ਬਿਲਕੁਲ ਉਦਾਸ ਹੋ ਗਿਆ ਉਸਨਾਲ ਵੀ ਗੱਲ ਕਰਨੀ ਛੱਡ ਦਿੱਤੀ, ਉਸਤੋਂ ਮੇਰਾ ਦਰਦ ਸਿਹਾ ਨਾ ਗਿਆ ਉਸਨੇ ਤੁਹਾਨੂੰ ਫੇਰ ਵਾਪਿਸ ਮੋੜ ਲੈ ਆਂਦਾ, ਫੇਰ ਕੀ ਮੈਂ ਤੁਹਾਡੇ ਵਿਚ ਐਨਾ ਰੁੱਝ ਗਿਆ ਕਿ ਉਹਨੂੰ ਭੁੱਲ ਹੀ ਗਿਆ, ਉਸਨੇ ਕਿੰਨੇ ਉਲਾਂਭੇ ਦਿੱਤੇ,ਪਰ ਜਦੋਂ ਗੱਲ ਵੱਸ ਨਾ ਰਹੀ, ਮੈਨੂੰ ਫੇਰ ਤੁਹਾਡੇ ਤੋਂ ਦੂਰ ਕਰ ਦਿੱਤਾ, ਮੈਂ ਬੜਾ ਦੁੱਖੀ ਹੋਇਆ ਉਹ ਆਈ ਤੇ ਕੋਲ਼ ਬੈਠ ਗਈ ਤੇ ਤੁਹਾਡੇ ਬਾਰੇ ਪੁੱਛਣ ਲੱਗੀ ਤੇ ਜੋ ਜੋ ਪੁੱਛਿਆ ਮੈਂ ਦੱਸ ਦਿੱਤਾ, ਫੇਰ ਕੀ ਹੋਇਆ ,ਉਸਨੇ ਨੀਵੀਂ ਪਾ ਲਈ, ਬਿਲਕੁਲ ਢਲਦੇ ਸੂਰਜ ਵਾਂਗ, ਮੈਂ ਕਿਹਾ... ਆ ਕੀ ਆ ....ਕੀ ਹੋਇਆ, ਉਹ ਬੋਲੀ ਕਹਿੰਦੀ ਕਿੰਨਾਂ ਕੁਝ ਜਾਣ ਗਿਆ, ਉਹਦੇ ਬਾਰੇ ਕੁਝ ਹੀ ਦਿਨਾਂ ਵਿਚ, ਮੈਨੂੰ ਦੋ ਸਾਲ ਹੋ ਗਏ, ਮੇਰਾ ਨਾਂ ਵੀ ਨਹੀਂ ਪੁੱਛਿਆ, ਮੈਂ ਕਿਹਾ.... ਉਹੋ ਭੁੱਲ ਗਿਆ, ਉਹ ਬੋਲੀ ਨਹੀਂ, ਤੇਰੇ ਸਾਰੇ ਨਹੀਂ, ਮੈਂ ਕਿਹਾ ਚੱਲ ਦੱਸ , ਕਹਿੰਦੀ ਕੀ ਕਰਨਾ, ਮੈਂ ਕਿਹਾ ਮੈਂ ਤੈਨੂੰ ਦੱਸਾਂਗਾਂ, ਕਹਿੰਦੀ ਸੁਣ... ਕਵਿਤਾ, ਮੈਂ ਚੁੱਪ ਕਰ ਗਿਆ,ਪਤਾ ਕਿਉਂ... ਕਿਉਂਕਿ ਉਦੋਂ ਆਪਣੀ ਗੱਲ ਨਹੀਂ ਸੀ ਹੁੰਦੀਂ, ਫੇਰ ਮੈਂ ਦਸ ਦਿਨ ਬਾਅਦ ਤੁਹਾਨੂੰ ਸਿਰਫ ਸ਼ਾਮ ਨੂੰ ਯਾਦ ਕਰਦਾ ਤੇ ਦਿਨ ਤੇ ਸਵੇਰੇ ਉਸ ਕੋਲ਼ ਵੀ ਨਾ ਜਾਂਦਾ, ਅਸਮਾਨ ਨੂੰ ਸਵਾਲ ਕਰਦਾ ਰਹਿੰਦਾ, ਪਰ ਫੇਰ ਉਸਨੇ ਕਿਹਾ ਕਿ ਕੀ ਪਤਾ ਮੈਂ ਕਦੋਂ ਚਲੀ ਜਾਵਾਂ, ਤੂੰ ਹੁਣ ਕੁਝ ਏਹੋ ਜਾ ਲਿਖ ਜੋ ਮੇਰਾ ਤੇ ਉਹਦਾ ਹਿੱਸਾ ਹੈ ਮੈਂ ਕੁਝ ਲਿਖਿਆ ਤੁਸੀਂ ਵਾਪਿਸ

ਆ ਗਏ, ਮੈਂ ਉਸਨੂੰ ਦੱਸਿਆ ਉਹ ਬੜੀ ਖੁਸ਼ ਹੋਈ ਤੇ ਕਿਹਾ ਤੁਹਾਡੀ ਨਵੀਂ ਜ਼ਿੰਦਗੀ ਮੁਬਾਰਕਬਾਦ, ਮੈਂ ਕਿਹਾ ਪਰ ਉਹ ਤੇ ਪਹਿਲਾਂ ਦੀ ਆਈ ਹੈ, ਉਸਨੇ ਕਿਹਾ ਐਦਾਂ ਨਾ ਕਹਿ, ਜੇ ਕਹਿਣਾਂ ਤਾਂ ਸਿਰਮੱਥੇ ਕਹਿ ਦੇ, ਮੈਂ ਦੱਸ ਨਹੀਂ ਸਕਦਾ ਕਿੰਨਾ ਕੁਝ ਖਾਸ ਤੇ ਬੇਸ਼ਕੀਮਤੀ ਸੀ, ਤੁਹਾਡੇ ਫ਼ੋਨ ਦੀ ਰਿੰਗ ਵੱਜੀ,ਉਹ ਕੋਲ਼ ਹੀ ਸੀ, ਕਹਿੰਦੀ ਚੁੱਕ ਮੈਂ ਕਿਹਾ ਮੈਂ ਕੀ ਬੋਲੂ ਕਹਿੰਦੀ ਚੁੱਕ, ਮੈਂ ਫ਼ੋਨ ਚੁੱਕਿਆ ਤੇ ਵੇਖਿਆ ਤੁਹਾਡੀ ਸਤਿ ਸ੍ਰੀ ਆਕਾਲ ਜੀ ਦੀ ਆਵਾਜ਼ ਬਿਲਕੁਲ ਉਹਦੇ ਵਰਗੀ ਸੀ, ਮੈਂ ਹੈਰਾਨ ਸੀ , ਉਸ ਦਿਨ  ਤੋਂ ਲੈ ਕੇ ਅੱਜ ਤੀਕ, ਮੈਂ ਜੇਕਰ ਕਵਿਤਾ ਬਾਰੇ ਸੋਚਾਂ ਜਾਂ ਤੁਹਾਡੇ ਬਾਰੇ ਮੈਨੂੰ ਇੱਕੋ ਜਿਹਾ ਲੱਗਦਾ, ਇਸੇ ਕਰਕੇ ਤੁਹਾਡੀ ਫ਼ਿਕਰ ਕਰਨਾ ਮੇਰਾ ਫਰਜ਼ ਆ, ਮੈਂ ਨਹੀਂ ਚਾਹੁੰਦਾ ਮੇਰੀ ਅਲਫ਼ ਤੇ ਕਵਿਤਾ ਮੇਰੇ ਤੋਂ ਦੂਰ ਹੋਣ , ਸਗੋਂ ਇਹ ਹਮੇਸ਼ਾ ਅਲਫ਼ਨੂਰ ਬਣ ਕੇ ਰਹਿਣ, ਬਾਕੀ ਰੱਬ ਜੀ ਦੀ ਮਰਜ਼ੀ ਆ, ਕਈ ਗੱਲਾਂ ਆਪੈ ਸਮਾਂ ਪਾ ਸਾਂਝੀਆਂ ਹੋ ਜਾਂਦੀਆਂ, ਤੁਸੀਂ ਕਿਹਾ ਸੀ ਸਾਰਾ ਕੁਝ ਲਿਖਿਓ, ਮੈਂ ਚਾਹ ਕੇ ਵੀ ਸਾਰਾ ਕੁਝ ਨਹੀਂ ਲਿਖ ਸਕਦਾ, ਕਿਉਂਕਿ ਕਵਿਤਾ ਤੇ ਹਵਾ ਇੱਕੋ ਜਿਹੇ ਨੇ,ਤੇ ਤੁਸੀਂ ਮੇਰੇ ਲਈ ਕਵਿਤਾ ਦੇ ਸਮਾਨ ਹੋ,

ਇਹ ਇੱਕ ਪਾਸੇ ਦੀ ਦੁਨੀਆਂ ਹੈ, ਜਿਸ ਤੀਕ ਹਲੇ ਸਿਰਫ਼ ਮੈਂ ਇਕੱਲਾ ਗਿਆਂ ਹਾਂ, ਮੈਂ ਚਾਹੁੰਦਾ ਹਾਂ ਕਿ ਤੁਸੀਂ ਵੀ ਇਸ ਦੁਨੀਆਂ ਵਿੱਚ ਮੇਰੇ ਨਾਲ ਤੁਰੋ, ਤਾਹੀਂ ਬੋਲਦਾ ਹੁੰਨਾ ਕਿ ਤੁਸੀਂ ਕਵਿਤਰੀ ਬਣੋਂ ਕਵੀ ਤੇ ਮੈਂ ਆਪਣੇ ਆਪ ਬਣ ਜਾਣਾਂ ਏ, ਇਹ ਸਾਰੇ ਉਹ ਪਲ਼ ਨੇ ਜੋ ਮੈਂ ਬੜੀ ਕੋਲ਼ ਦੀ ਲੰਘਦੇ ਵੇਖਦਾ ਹਾਂ,ਜਦ ਤੁਹਾਡੇ ਮੂੰਹੋਂ ਕਿਸੇ ਹੋਰ ਦਾ ਨਾਮ ਸੁਣਦਾ ਹਾਂ ਮੇਰੇ ਦਿਲ ਵਿਚ ਹੌਲ਼ ਜਿਹੇ ਪੈਣ ਲੱਗਦੇ ਨੇ, ਏਦਾਂ ਚਿੱਤ ਕਰਦਾ ਸਭ ਕੁਝ ਛੱਡ ਜਾਵਾਂ,ਪਰ ਫੇਰ ਉਸੇ ਵਕ਼ਤ ਤੁਹਾਡੀ ਅੱਖ ਵਿੱਚ ਤੈਰਦਾ ਪਾਣੀ ਮੈਨੂੰ ਉਮਰ ਭਰ ਦਾ ਸ਼ਿਆਹੀ ਬਣ ਬਣਕੇ ਰਹਿਣ ਦਾ ਵਾਦਾ ਕਰਦਾ ਹੈ, ਉਦੋਂ ਮੇਰੀ ਅੱਖ ਵਿਚੋਂ ਬੇਵਜਾਹ ਖਾਰਾ ਪਾਣੀ ਡੁੱਲਦਾ ਏ, ਜੋ ਕੁਝ ਦਿਨ ਲਈ ਅੱਖਾਂ ਦਾ ਰੰਗ ਲਾਲੀ ਵਿਚ ਬਦਲ ਦੇਂਦਾ ਹੈ, ਉਹਨਾਂ ਦਿਨਾਂ

ਵਿੱਚ ਤੁਹਾਡੇ ਮੂੰਹੋਂ ਕਿਹਾ ਇੱਕ ਫ਼ਿਕਰੀ ਸ਼ਬਦ ਮੇਰੇ ਸਾਹਾਂ ਵਿੱਚ ਸਾਹ ਰਲਾ ਦੇਂਦਾ ਏ, ਮੈਨੂੰ ਐਦਾਂ ਜਾਪਦਾ ਜਿਵੇਂ ਰੱਬ ਮੇਰੀ ਕੋਲ਼ ਹੋ ਕੇ ਸੁਣ ਰਿਹਾ ਹੋਵੇ, ਮੈਂ ਹਮੇਸ਼ਾ ਤੁਹਾਡਾ ਚੇਹਰਾ ਖੁਸ਼ ਵੇਖਣਾਂ ਚਾਹੁੰਦਾ ਹਾਂ, ਪਤਾ ਨਹੀਂ ਐਦਾਂ ਹੋਵੇਗਾ ਜਾਂ ਨਹੀਂ, ਪਰ ਵਿਸ਼ਵਾਸ ਬਹੁਤ ਹੈ ਮੈਨੂੰ ਮੇਰੇ ਰੱਬ ਤੇ,ਉਹ ਹਿੱਸੇ ਦੀ ਹਰ ਖ਼ੂਬਸੂਰਤ ਛੈਹ ਤੁਹਾਡੇ ਹਿੱਸੇ ਪਾਵੇਗਾ, ਚੱਲ ਹੁਣ ਕੋਈ ਕਵਿਤਾ ਲਿਖਦੇ ਹਾਂ ਜੋ ਤੇਰੇ ਚਿਹਰੇ ਵਾਂਗ ਖ਼ੂਬਸੂਰਤ ਹੋਵੇ,ਤੇ ਅੱਖਾਂ ਜਿੰਨੀਂ ਡੂੰਘੀ ਤੇ ਤੇਰੇ ਲੱਕ ਦੇ ਦਰਦ ਵਾਂਗ ਆਪਣੀਂ....

ਸੁਣ ਨੀਂ ਹਵਾਏ ਗੀਤ ਕੋਈ
ਮੈਂ ਲਿਖਿਆ ਏ ਮੇਰੇ ਦਿਲਦਾਰ ਲਈ
ਸਭ ਕੁਝ ਹੀ ਵਾਰ ਮੁਕਾਵਣਾ
ਕੋਈ ਦੱਸੇ ਕੀ ਸਕਦੇ ਆਂ ਵਾਰ ਪਿਆਰ ਲਈ

ਰੂਹ ਖਿੱਲ ਗਈ ਹੱਦ ਮਿਲ਼ ਗਈ
ਤੱਕੇ ਜਦ ਉਹਦੇ ਨੈਣ ਦੋਹੇਂ
ਮੈਂ ਕਿਉਂ ਨਾ ਤੈਨੂੰ ਸਭ ਸੋਂਪ ਦੇਵਾਂ
ਆਪਣਾ ਆਪ ਅਖਿਰ ਤੇ ਰਲਣਾ ਵਿਚ ਭੋਏਂ

ਮੇਰੇ ਅੰਦਰ ਇੱਕ ਹਾਏ ਸੋਹਣਿਆਂ,ਵੇ ਮੋਹਣਿਆਂ
ਲੀਕ ਉੱਠੇ,
ਤੇਰੇ ਪਰਵਰਦਗਾਰ ਜੀ ਚਿਹਰੇ ਨੂੰ ਤੱਕਣੇ ਦੀ
ਉਡੀਕ ਉੱਠੇ

ਕਿਉਂ ਨਾ ਉਹ ਲਿਖਣ ਤੋਂ ਰੋਕ ਲਿਆ ਜਾਵੇ ਹੱਥ ਨੂੰ ,ਜੋ ਕੱਲ੍ਹ ਅੱਖਾਂ ਵਿਚ ਲੰਘਿਆ ਵਕ਼ਤ ਯਾਦ ਕਰ ਭਰ ਲਿਆਵੇ ਹੰਝੂ ਦਾ ਕਟੋਰਾ, ਇਹ ਤੇ ਨਹੀਂ ਪਤਾ

ਹੱਥਾਂ ਦੀਆਂ ਲਕੀਰਾਂ ਨੇ ਕਿੱਥੇ ਆ ਕਿਸ ਰਾਹ ਨੂੰ ਕਿਸ ਪਾਸੇ ਵੱਲ ਮੋੜ ਦੇਣਾਂ ਏ,ਪਰ ਫੇਰ ਵੀ ਮੰਜ਼ਿਲ ਇੱਕ ਹੀ ਰਹਿਣੀ ਏ ਸ਼ਾਇਰ ਦੀ, ਚੱਲ ਸਭ ਕੁਝ ਛੱਡ ਉਹ ਵੇਖ ਤਾਰੇ ਵੀ ਚਮਕ ਰਹੇ ਨੇ ਬੇਪਰਵਾਹ ਕਿਉਂ ਨਾ ਜਿੰਦੜੀ ਦੀਆਂ ਡੋਰਾਂ ਉਹਨਾਂ ਵਾਂਗ ਖੁੱਲ੍ਹੀਆਂ ਛੱਡ ਦੇਈਏ, ਵਕ਼ਤ ਹੈ , ਸੁਣਿਆ ਹੈ ,ਕਦਮ ਨਹੀਂ ਧਰਨ ਦਿੰਦਾਂ,

ਮੈਂ ਦੋ ਚੀਜ਼ਾਂ ਤੋਂ ਬਹੁਤ ਡਰਦਾ, ਇੱਕ ਤੇ ਤੁਹਾਡੇ ਗੁੱਸੇ ਲੰਮੇ ਕੋਲੋਂ , ਇੱਕ ਉਹ ਵਕ਼ਤ ਕੋਲੋਂ ਜੋ ਵਕ਼ਤ ਵਰਗਾ ਵਕ਼ਤ ਨਾ ਹੋਵੇ, ਬਾਕੀ ਮੇਰੀ ਸੋਚ ਤੁਹਾਡੇ ਅੱਗੇ ਬਹੁਤ ਨਿੱਕੀ ਹੈ,ਉਹ ਗੱਲਾਂ ਜੋ ਮੈਂ ਕਹਿ ਨਹੀਂ ਸਕਦਾ ਤੁਸੀਂ ਬਿਨਾਂ ਕਹੇ ਸਮਝ ਲੈਂਣੇ ਹੋ, ਬਾਕੀ ਕੁਝ ਗੱਲਾਂ ਹੁੰਦੀਆਂ ਜੋ ਵਕ਼ਤ ਨਾਲ ਹੀ ਕਰੀਆਂ ਸੋਂਹਦੀਆਂ ਨੇ,ਪਰ ਅਫਸੋਸ ਉਹ ਗੱਲਾਂ ਦਾ ਪਤਾ ਹੀ ਉਦੋਂ ਲੱਗਦਾ ਜਦ ਵਕਤ ਲੰਘ ਜਾਵੇ...

ਤੁਸੀਂ ਕਿਹਾ ਸੀ ਨਾ ਕਿ ਜਿਸ ਦਿਨ ਆਪਾਂ ਜ਼ਿਆਦਾ ਹੱਸ ਲਈਏ ਉਸ ਰਾਤ ਆਪਣੀ ਲੜਾਈ ਜ਼ਰੂਰ ਹੁੰਦੀ ਆ, ਜਾਂ ਤੁਸੀਂ ਰੋਂਦੇ ਜ਼ਰੂਰ ਹੋ, ਬਸ ਇਸੇ ਤਰ੍ਹਾਂ ਹੀ ਮੈਂ ਅਠਾਰਾਂ ਵਰ੍ਹੇ ਆਪਣੀ ਨਾਲ ਦੀ ਖ਼ਾਲੀ ਜਗਾਹ ਨੂੰ ਭਰਨ ਦੀ ਕੋਸ਼ਿਸ਼ ਕੀਤੀ ਤੇ ਰੱਬ ਦਾ ਸ਼ੁਕਰ ਹੈ ਉਹ ਭਰ ਗਈ, ਅੱਗੇ ਹੁਣ ਤੁਹਾਡੀ ਮਰਜ਼ੀ ਹੈ ਇਸ ਨੂੰ ਭਰੇ ਹੀ ਰੱਖਣਾ ਹੈ ਜਾਂ ਇਹ ਜਗਾਹ ਦਾ ਮੁੱਦਾ ਹੀ ਖਤਮ ਕਰਨਾ ਹੈ, ਪਤਾ ਨਹੀਂ ਕਿੱਥੋਂ ਇਸ ਸ਼ਬਦ ਆਇਆ ਕਿੱਥੋਂ ਇਹ ਪਹਿਚਾਣ ਆਈ, ਤੁਸੀਂ ਆਏ ਗੀਤ ਆਏ, ਸਬਰ ਆਇਆ, ਮਰਦੇ ਡੁੱਬਦੇ ਸਾਹਾਂ ਵਿੱਚ ਜਾਨ ਆਈ....

ਦੁਆਵਾਂ : ਤੁਸੀਂ ਸਦਾ ਖੁਸ਼ ਰਹੋ, ਜ਼ਿੰਦਗੀ ਭਰ, ਤੁਹਾਡੀ ਹਰ ਦਿਲੀਂ ਖਵਾਇਸ਼ ਪੂਰੀ ਹੋਵੇ,ਤੁਹਾਡੀ ਮੰਜ਼ਿਲ ਤੁਹਾਡੇ ਮੁਮਤਾਜ਼ ਹੋਵੇਂ

ਹੋ ਸਕੇ ਤਾਂ ਇੱਕ ਕੰਮ ਕਰਨਾ ਮੇਰੇ ਬਾਰੇ ਕਦੇ ਨਾ ਸੋਚਣਾਂ, ਮੈਂ ਸੋਚਣ ਵਾਲ਼ੀ ਚੀਜ਼ ਨਹੀਂ ਆ , ਮੈਂ ਬਿਲਕੁਲ ਸੂਰਜ ਵਰਗਾ ਹਾਂ, ਜੋ ਵੀ ਮੈਨੂੰ ਛੋਂਹਦਾ ਹੈ ਉਹ ਸਵਾਹ ਹੋ ਜਾਂਦਾ ਹੈ

ਸ਼ੁਕਰੀਆ : ਬਹੁਤ ਸਾਲ ਹੋ ਗਏ ਸੀ, ਮੇਰੇ ਅੱਖ ਵਿੱਚ ਪਾਣੀ ਨਹੀਂ ਸੀ ਆਇਆ, ਮੈਨੂੰ ਲੱਗਿਆ ਉਹ ਕਿਸੇ ਹੋਰ ਦੇ ਹਿੱਸੇ ਚਲਾ ਗਿਆ, ਮੈਂ ਉੱਡਦੇ ਉੱਡਦੇ ਕਬੂਤਰ ਨੂੰ ਅਚਾਨਕ ਮਰਦੇ ਹੋਏ ਵੇਖਿਆ ਹੈ, ਤੇ ਵੇਖੋ ਮੇਰੀ ਅੱਖ ਨੇ ਇੱਕ ਹੰਝੂ ਵੀ ਨਹੀਂ ਵਹਾਇਆ,ਪਤਾ ਇਹ ਗੱਲ ਕਿਉਂ ਕਰ ਰਿਹਾਂ ਕਿਉਂਕਿ ਜੇ ਹੰਝੂ ਵਹਿ ਰਹੇ ਨੇ ਤਾਂ ਦਰਦ ਬੋਲ ਰਿਹਾ ਹੈ ਨਹੀਂ ਮੇਰੇ ਵਰਗੇ ਲੋਕ ਬਿਨਾਂ ਹੰਝੂ ਡੋਲੇ ਸਭ ਕੁਝ ਸਹਿੰਦੇ ਨੇ, ਹੰਝੂ ਆਪਣੇ ਦੁੱਖ ਦਾ ਸਬੂਤ ਹੁੰਦੇ ਨੇ, ਜੋ ਤੁਸੀਂ ਮੈਨੂੰ ਮੇਰੇ ਹਿੱਸੇ ਮੁੜ ਵਾਪਿਸ ਕੀਤੇ,ਤੁਸੀ ਮੈਨੂੰ ਮੁੜ ਪੱਥਰ ਤੋਂ ਸ਼ਾਇਰ ਬਣਾਇਆ ਤੇ ਸ਼ਾਇਰ ਤੋਂ ਮੈਂ ਕਵੀ ਬਣ ਗਿਆ ਉਹ ਕਵੀ ਜੋ ਕਵਿਤਾ ਲਿਖਦਾ,ਇਸ ਤੋਂ ਅੱਗੇ ਕੁਝ ਨਹੀ ਸਿਰਫ਼ ਭਟਕਣਾ ਹੈ, ਬਸ ਐਨਾ ਬਹੁਤ ਹੈ, ਮੈਂ ਕਵਿਤਾ ਦਾ ਕਵੀ ਬਣਿਆ ਰਹਾਂ ਜ਼ਿੰਦਗੀ ਭਰ, ਮੈਨੂੰ ਹੋਰ ਕੁਝ ਨਹੀਂ ਚਾਹੀਦਾ,ਬਸ ਕੋਸ਼ਿਸ਼ ਕਰਿਓ, ਇਹ ਕਵੀ , ਕਵੀ ਹੀ ਰਹੇ....ਇਸ ਨੂੰ ਕਵੀ ਸਿਰਫ਼ ਤੁਸੀਂ ਹੀ ਰੱਖ ਸਕਦੇ ਹੋ, ਕਿਉਂਕਿ ਰੱਬ ਖੁਦ ਤੇ ਨਹੀਂ ਆਉਂਦਾ, ਪਰ ਕੁਝ ਰੱਬ ਵਰਗਿਆਂ ਨੂੰ ਏਥੇ ਭੇਜ ਦੇਂਦਾ

ਮਹਿਸੂਸ : ਚੱਲੋ ਹੁਣ ਥੋੜ੍ਹਾ ਹੱਸੋ, ਸਾਂਭ ਕੇ ਰੱਖਣਾਂ ਇਸ ਲਿਖਤ ਨੂੰ ਜਿਸ ਦਿਨ ਲੱਗਿਆ ਅੱਜ ਇੱਕਲੀ ਆਂ,ਪੜ ਲੈਣਾ , ਕੀ ਪਤਾ ਮੈਂ ਇੱਕਲਾਪਣ ਦੂਰ ਕਰ ਦੇਵਾਂ , ਜਿਉਂਦੇ ਜੀ ਹਮੇਸ਼ਾਂ ਨਾਲ ਹਾਂ, ਬੇਸ਼ੱਕ ਤੁਸੀਂ ਸਜ਼ਾ ਦੇ ਕੇ ਹੀ ਕਿਉਂ ਨਾ ਦੂਰ ਹੋ ਜਾਵੋ,ਫੇਰ ਹੀ ਪਹਿਲੀ ਹਾਕ ਤੇ ਬੋਲ ਪਵਾਂਗਾ....

ਉਹਦਾ ਜਵਾਬ : ਮੈਂ ਉਹੀ ਆਂ, ਬਿਲਕੁਲ ਓਦਾਂ ਹੀ
ਮੈਨੂੰ ਦੱਸਣ ਦੀ ਲੋੜ ਨਹੀਂ
ਮੈਂ ਬਿਲਕੁਲ ਵੀ ਨਹੀਂ ਬਦਲੀ
ਮੈਨੂੰ ਪਤਾ ਤੂੰ ਸਭ ਜਾਣਦਾ ਏ

ਫੇਰ ਦੱਸ ਐਵੇਂ ਇੱਕ ਹੁੰਗਾਰਾ ਕਿਉਂ ਨਹੀਂ ਭਰਦਾ
ਕਿਉਂ ਮੈਨੂੰ ਵੇਖਦੇ ਸਾਰ ਜਾਣਬੁੱਝ ਨੀਵੀਂ ਪਾ ਲੈਣਾ ਏ
ਸੱਚ ਜਾਣੀ ਮੈਨੂੰ ਬਹੁਤ ਗੁੱਸਾ ਆਉਂਦਾ ਤੇਰੇ ਤੇ
ਜੀ ਤਾਂ ਕਰਦਾ..... ਤੈਨੂੰ ਇੱਕ ਗੱਲ ਦੱਸਾਂ ਮੈਂ, ਮੈਂ ਵੇਖ ਲਿਆ ਸੀ ਤੈਨੂੰ
ਉਸੇ ਦਿਨ , ਜਿਸ ਦਿਨ ਤੂੰ ਆਇਆ ਸੀ ਪਿੰਡੋਂ
ਜਾਮਣੀ ਜਿਹੇ ਰੰਗ ਦੀ ਬੰਨ੍ਹੀ ਸੀ ਤੇਰੇ ਪੱਗ
ਤੇ ਫਿੱਕੇ ਜਿਹੇ ਰੰਗ ਕੋਟੀ ਪਾਈ ਸੀ
ਤੇ ਕਾਲੇ ਰੰਗ ਦੀ ਪੈਂਟ ਸੀ
ਮੈਨੂੰ ਪਤਾ ਤੂੰ ਜਾਣਕੇ ਬੰਨੀਂ ਸੀ
ਜਾਮਣੀ ਰੰਗ ਦੀ ਪੱਗ
ਮੈਂ ਤੈਨੂੰ ਪਹਿਲਾਂ ਕਿਹਾ ਸੀ
ਕਿ ਇਹ ਰੰਗ ਤੇਰੇ ਵਾਹਲਾ ਸੋਹਣਾ ਲੱਗਦਾ
ਸੱਚ ਜਾਣੀ ਉਸ ਦਿਨ ਲੱਗ ਵੀ ਸੋਹਣਾ ਰਿਹਾ ਸੀ
ਜਿਵਾ ਉਵੇਂ ਹੀ ਲੱਗ ਰਿਹਾ ਸੀ ਜਿਵੇਂ
ਇੱਕ ਸਾਲ ਪਹਿਲਾਂ ਮਿਲਿਆ ਸੀ
ਉਸ ਸੁੰਨੀ ਜਿਹੀ ਗਲ਼ੀ ਵਿਚ ਪਹਿਲੀ ਵਾਰ
ਤੈਨੂੰ ਪਤਾ, ਮੈਂ ਉਸੇ ਦਿਨ
ਤੇਰੀ ਪੱਗ ਦੇ ਰੰਗ ਦੇ ਰੰਗ ਨਾਲ ਦੀ ਚੁੰਨੀ ਲੈ ਲਈ ਸੀ
ਮੈਂ ਸਾਂਭ ਰੱਖੀ ਆ, ਹੁਣ ਵੀ
ਮੇਰੀ ਖਵਾਇਸ਼ ਏ
ਮੈਨੂੰ ਤੂੰ ਹੁਣ ਜਦ ਵੀ ਮਿਲੇਗਾਂ
ਤਦ ਲੈ ਕੇ ਆਵਾਂਗੀ
ਮੈਨੂੰ ਪਤਾ ਤੂੰ ਆਪਣੇ ਆਪ ਨੂੰ
ਬਹੁਤਾ ਸਿਆਣਾ ਸਮਝਣ ਲੱਗ ਪਿਆਂ ਏ

ਸੁਣੀਆਂ ਸੀ ਤੇਰੀਆਂ ਗੱਲਾਂ
ਤੇਰੇ ਓਸ ਦੋਸਤ ਕੋਲੋਂ
ਨਾਲੇ ਮੁਬਾਰਕਾਂ ਤੈਨੂੰ....( ਮੈਂ ਜਾਣਦਾ ,ਇਹ ਕਿਸ ਦੀਆਂ ਨੇ )

ਤੈਨੂੰ ਪਤਾ
ਮੈਨੂੰ ਉਹਨੇ ਇਹ ਦੱਸਿਆ ਸੀ
ਕਿ ਤੂੰ ਮੈਨੂੰ ਉਹ ਝੂਠ ਬੋਲਿਆ ਸੀ
ਕਿ ਇਹ ਮੇਰੀ ਪਹਿਲੀ ਕਵਿਤਾ ਏ
ਉਹਨੇ ਦੱਸਿਆ ਕਿ ਤੂੰ ਪਹਿਲਾਂ ਵੀ ਲਿਖਦਾ ਸੀ
ਮੈਂ ਉਹ ਕਾਗਜ਼ ਅਜੇ ਵੀ ਸਾਂਭ ਰੱਖੇ ਨੇ
ਬੇਸ਼ੱਕ ਝੂਠੇ ਹੀ ਸਨ
ਪਰ ਹੈ ਤਾਂ ਨਿਸ਼ਾਨੀ ਹੀ ਨੇ
ਮੈਂ ਹੁਣ ਵੀ ਕਦੇ ਕਦੇ
ਕਈ ਪੰਦਰਾਂ ਵੀਹ ਦਿਨਾਂ ਬਾਅਦ
ਛੱਤ ਤੇ ਜਾ ਪੜ ਲੈਣੀ ਆ
ਉਹ ਸਾਰੇ ਕਾਗ਼ਜ਼ਾਂ ਤੇ ਲਿਖੀਆਂ ਕਵਿਤਾਵਾਂ
ਮੈਂ ਸੁਣਿਆ ਤੂੰ
ਜਲਦੀ ਹੀ ਇੱਕ ਕਿਤਾਬ ਰਿਲੀਜ਼ ਕਰਵਾਉਣੀ ਏ
ਵੈਸੇ ਜੇ ਤੂੰ ਮੇਰੇ ਨਾਲ ਗੱਲ ਕਰਦਾ ਹੁੰਦਾ ਤਾਂ
ਮੈਂ ਦੇ ਦੇਣੀਆਂ ਸੀ ਕਈ ਕਵਿਤਾਵਾਂ
ਮੇਰੇ ਕੋਲ ਪਈਆਂ ਨੇ ਲਿਖੀਆਂ
ਮੈਨੂੰ ਪਤਾ ਤੈਨੂੰ ਉਹ ਪਸੰਦ ਵੀ ਆ ਜਾਣੀਆਂ ਸੀ
ਕਿਉਂਕਿ ਤੂੰ ਮੈਨੂੰ ਆਖਦਾ ਹੁੰਦਾ ਸੀ
ਕਿ ਤੂੰ ਬਿਲਕੁਲ ਉਹੀ ਲਿਖਦੀ ਏ
ਜੋ ਮੈਂ ਲਿਖਣ ਵਾਲਾ ਹੁਣਾ

ਜਾਂ ਜਿਸ ਬਾਰੇ ਸੋਚ ਰਿਹਾ ਹੁਣਾ
ਚੱਲ ਛੱਡ .. ਤੈਨੂੰ ਯਾਦ ਏ
ਮੈਂ ਤੈਨੂੰ ਇੱਕ ਲਿਖਤ ਲਿਖ ਕੇ ਦਿੱਤੀ
ਜਿਸਦਾ ਨਾਮ ਸੀ ਮਿੱਟੀ ਰੰਗੇ
ਮੈਨੂੰ ਦੱਸਿਆ ਸੀ ਤੇਰੇ ਦੋਸਤ ਨੇ
ਤੂੰ ਏਥੋਂ ਜਾਣ ਤੋਂ ਬਾਅਦ
ਕਹਾਣੀਆਂ ਵੀ ਲਿਖਣੀਆਂ ਸ਼ੁਰੂ ਕਰਤੀਆਂ ਸੀ
ਉਹ ਦੱਸਦਾ ਸੀ
ਤੂੰ ਇੱਕ ਮਿੱਟੀ ਰੰਗੇ ਕਹਾਣੀ ਵੀ ਲਿਖੀ ਆ
ਜਿਸ ਦਿਨ ਉਸ ਨੇ ਮੈਨੂੰ ਇਹ ਦੱਸਿਆ ਸੀ ਨਾ
ਸੱਚ ਜਾਣੀ ਮੈਨੂੰ ਸਾਰੀ ਰਾਤ
ਨੀਂਦ ਨਹੀ ਸੀ ਆਈ
ਜਿਵੇਂ ਅੱਜ ਨਹੀਂ ਆ ਰਹੀ
ਤੈਨੂੰ ਪਤਾ ਮੈਂ ਤੇਰੀ ਹਰ ਦਿਨ ਉਡੀਕ ਕਰਦੀ ਆਂ
ਕੁਝ ਮਹੀਨੇ ਭੁੱਲ ਵੀ ਗਈ ਸੀ
ਫੇਰ ਜਦੋਂ ਤੇਰੀ ਮਿੱਟੀ ਰੰਗੇ ਕਹਾਣੀ ਦਾ ਪਤਾ ਲੱਗਿਆ
ਮੈਨੂੰ ਲੱਗਿਆ ਤੂੰ ਹੁਣ ਮੁੜ ਆਵੇਗਾ
ਪਰ ਤੂੰ ਆਇਆ ਹੀ ਨਹੀਂ
ਮੈਨੂੰ ਬਹੁਤ ਗੁੱਸਾ ਆਇਆ

ਮੈਂ ਤੈਨੂੰ ਇੱਕ ਆਖਰੀ ਗੱਲ ਦੱਸ ਰਹੀ ਆਂ
ਤੂੰ ਬੇਸ਼ੱਕ ਕੁਝ ਵੀ ਸੋਚ
ਮੇਰੀ ਉਦੋਂ ਕੋਈ ਮਜਬੂਰੀ ਸੀ
ਜੇ ਕਦੇ ਆਪਾਂ ਮਿਲੇ ਤਾਂ ਉਹ ਦੱਸ ਦੇਉ
ਨਹੀਂ ਤੂੰ ਆਪਣੇ ਦੋਸਤ ਕੋਲੋਂ ਪੁੱਛ ਲਵੀਂ

ਪਰ ਮੈਂ ਤੈਨੂੰ ਹਮੇਸ਼ਾ ਹੀ ਆਪਣਾ ਮੰਨਿਆ ਏ
ਤੂੰ ਬੇਸ਼ੱਕ ਮੇਰੇ ਵੱਲ ਵੇਖੇ ਵੀ ਨਾ
ਪਰ ਮੈਂ ਤੈਨੂੰ ਹਮੇਸਾ ਮੁਹੱਬਤ ਕਰਦੀ ਰਹਾਂਗੀ
ਮੈਨੂੰ ਹੁਣ ਵੀ ਤੇਰੀ ਇਕ ਇਕ ਗੱਲ ਯਾਦ ਏ
ਬੇਸ਼ੱਕ ਕਦੇ ਆ ਪੁੱਛ ਲਵੀਂ...
ਮੈਂ ਇਸ ਤੋਂ ਬਾਅਦ ਤੈਨੂੰ ਕੋਈ ਸਵਾਲ ਨਹੀਂ ਕਰਨਾ
ਮੈਂ ਇਹੀ ਜਾਣਨਾ ਏ...???
ਕੀ ਤੂੰ ਮੈਨੂੰ ਭੁੱਲ ਗਿਆਂ ਏ..???
ਜਾਂ ਫਿਰ ਤੇਰੇ ਦਿਲ ਵਿਚ ਮੇਰੇ ਲਈ ਮੁਹੱਬਤ ਨਹੀਂ ਰਹੀ..??
ਜਾਂ ਫੇਰ ਤੁਹਾਡੀ ਜ਼ਿੰਦਗੀ ਵਿਚ ਕੋਈ ਹੋਰ ਆ ਗਿਆ..???
ਜਾਂ ਕਿਸੇ ਗੱਲ ਦਾ ਕੋਈ ਸ਼ਿਕਵਾ ਏ ਜਾਂ ਉਸੇ ਗੱਲ ਦਾ ਰੋਸਾ ਏ
ਦਰਅਸਲ ਓਸ ਦਿਨ ਕੁਝ ਸਮਝ ਵਿਚ ਹੀ ਨਹੀਂ ਆਇਆ
ਜੇ ਮੈਨੂੰ ਕੁਝ ਵੀ ਪਤਾ ਹੁੰਦਾ ਮੈਂ ਸ਼ਾਮ ਨੂੰ ਜ਼ਰੂਰ ਦੱਸ ਕੇ ਜਾਣਾ ਸੀ
ਪਰ ਮੈਨੂੰ ਤੇ ਖੁਦ ਨਹੀਂ ਸੀ ਪਤਾ
ਸੁਖ ਜੇਕਰ ਤੁਹਾਨੂੰ ਮੇਰੀ ਕੋਈ ਵੀ ਗੱਲ
ਚੰਗੀ ਨਾ ਲੱਗੀ ਹੋਵੇ
ਤਾਂ ਪਲੀਜ਼ ਮੈਨੂੰ ਮਾਫ਼ ਕਰ ਦੇਉ
ਪਰ ਪਲੀਜ਼ ਮੇਰੇ ਨਾਲ ਇੱਕ ਵਾਰ ਜਰੂਰ ਗੱਲ ਕਰੇਓ
ਮੈਂ ਆਪਣੀਆਂ ਸਾਰੀਆਂ ਗਲਤੀਆਂ ਦੀ ਮੁਆਫੀ ਮੰਗਣੀ ਏ

ਕਿਆ ਬਤਾਊਂ ਤੁਮਾਰੀ ਯਾਦ ਨੇ
ਪਾਗ਼ਲ ਸਾ ਕਰ ਦੀਆ ਹੈ

ਕਬੀ ਲਫ਼ਜੋ ਸੇ ਮੈਂ ਰੂਠ ਜਾਤੀ ਹੂੰ
ਔਰ ਕਬੀ ਲਫ਼ਜ਼ ਮੇਰੇ ਸੇ

( ਨੂਰ )

ਇਹ ਤੇ ਮੈਨੂੰ ਵੀ ਨਹੀਂ ਪਤਾ,ਇਹ ਸਹੀ ਹੈ ਜਾਂ ਨਹੀਂ ਪਰ ਉਹਨੇ ਕਿਹਾ ਸੀ ਕਿ ਜੇ ਆਪਾਂ ਮਿਲੇ ਤਾਂ ਮੈਂ ਡਾਇਰੀ ਜ਼ਰੂਰ ਪੜ੍ਹਾਗੀ, ਕਾਸ਼ ਉਹ ਦਿਨ ਆਵੇਗਾ ਜਾਂ ਨਹੀਂ ਇਹ ਤਾਂ ਉਹ ਹੀ ਜਾਣਦੀ ਹੈ,ਪਰ ਉਹਦੇ ਹਿੱਸੇ ਦੀ ਜਗ੍ਹਾ ਮੈਂ ਵੀ ਕਿਸੇ ਨੂੰ ਨਹੀਂ........

ਇਸ ਵਿਚ ਤੁਸੀਂ ਨੂਰ ਤੇ ਸੁਖ ਦੀਆਂ ਇੱਕ ਦੂਸਰੇ ਨੂੰ ਲਿਖੀਆਂ ਕੁਝ ਲਿਖਤਾਂ ਨੂੰ ਪੜ੍ਹਿਆ, ਅਗਲੇ ਭਾਗ ਵਿਚ ਨੂਰ ਤੇ ਸੁਖ ਦੀ ਮੁੜ ਮੁਲਾਕਾਤ ਨਾਲ ਰੂਬਰੂ ਕਰਾਂਗੇ, ਜਾਣਾਂਗੇ ਕਿ ਉਹਨਾਂ ਦੀ ਮੁਲਾਕਾਤ ਹੁੰਦੀ ਹੈ ਜਾਂ ਨਹੀਂ,ਜੇ ਨਹੀਂ ਤਾਂ ਕਿਉਂ ਨਹੀਂ ,ਜੇ ਹੁੰਦੀ ਹੈ ਤਾਂ ਕਿਸ ਤਰ੍ਹਾਂ ਦੀ ਹਾਲਤ ਹੁੰਦੀ ਹੈ ਦੋਵਾਂ ਦੀ ਜਾਂ ਦੋਵੇਂ ਕੀ ਸੋਚਦੇ ਹਨ,

****

ਆਪ ਸਭ ਜੀ ਦਾ ਬਹੁਤ ਬਹੁਤ ਧੰਨਵਾਦ ਜੀ।

**ਸੁਖਦੀਪ ਸਿੰਘ ਰਾਏਪੁਰ**

**ਨੋਟ** : ਇਸ ਕਹਾਣੀ ਬਾਰੇ ਆਪਣੇ ਵਿਚਾਰ ਅਤੇ ਇਸ ਕਹਾਣੀ ਦਾ ਅਗਲਾ ਭਾਗ ਪੜਨ ਲਈ ਤੇ ਹੋਰਨਾਂ ਕਹਾਣੀਆਂ ਨੂੰ ਪੜਨ ਲਈ ਤੁਸੀਂ ਸਾਡੇ ਇਹਨਾਂ ਨੰਬਰਾਂ ਤੇ ਸੰਪਰਕ ਜਾਂ ਵਾੱਟਸਐੱਪ ਮੈਸਜ ਕਰ ਸਕਦੇ ਹੋ।

ਸੁਖਦੀਪ ਸਿੰਘ ਰਾਇਪੁਰ ( 8699633924 )

ਈ-ਮੇਲ : writersukhdeep@gmail.com

ਇੰਸਟਾਗ੍ਰਾਮ : @im_sukhdep